Australian Government

myagedcare



# Support at Home program [ਘਰ ਵਿੱਚ ਸਹਾਇਤਾ ਪ੍ਰੋਗਰਾਮ]

## ਬਜ਼ੁਰਗਾਂ, ਪਰਿਵਾਰਾਂ ਅਤੇ ਦੇਖਭਾਲ ਕਰਨ ਵਾਲਿਆਂ ਲਈ ਇੱਕ ਗਾਈਡ

Support at Home

ਤੀਜਾ ਐਡੀਸ਼ਨ – ਅਗਸਤ 2025
Punjabi – ਪੰਜਾਬੀ

# ਬਿਰਧ ਦੇਖਭਾਲ ਸੇਵਾਵਾਂ ਵਿੱਚ ਤਬਦੀਲੀਆਂ

**ਪਿਛਲੇ ਕੁੱਝ ਸਾਲਾਂ ਤੋਂ, ਆਸਟ੍ਰੇਲੀਆਈ ਸਰਕਾਰ ਬਿਰਧ ਦੇਖਭਾਲ ਸੇਵਾਵਾਂ ਵਿੱਚ ਵੱਡੀਆਂ ਤਬਦੀਲੀਆਂ ਲਾਗੂ ਕਰ ਰਹੀ ਹੈ। ਇਹ ਵਿਸ਼ਾਲ ਪੱਧਰੀ ਤਬਦੀਲੀਆਂ ਸਕਾਰਾਤਮਕ ਨਤੀਜੇ ਲਿਆ ਰਹੀਆਂ ਹਨ, ਪਾਰਦਰਸ਼ਤਾ ਵਧਾ ਰਹੀਆਂ ਹਨ ਅਤੇ ਆਸਟ੍ਰੇਲੀਆ ਵਿੱਚ ਵੱਡੀ ਉਮਰ ਦੇ ਲੋਕਾਂ ਲਈ ਦੇਖਭਾਲ ਦੀ ਗੁਣਵੱਤਾ ਨੂੰ ਲਗਾਤਾਰ ਸੁਧਾਰ ਰਹੀਆਂ ਹਨ।**

ਸਰਕਾਰ ਇਹ ਯਕੀਨੀ ਬਣਾਉਣ ਲਈ ਹੋਰ ਸੁਧਾਰ ਲਾਗੂ ਕਰਦੀ ਰਹੇਗੀ ਕਿ ਹਰ ਕਿਸੇ ਨੂੰ ਉਮਰ ਵੱਧਣ ਦੇ ਨਾਲ-ਨਾਲ ਉੱਚ ਗੁਣਵੱਤਾ ਵਾਲੀ, ਵਿਅਕਤੀ-ਕੇਂਦਰਿਤ ਦੇਖਭਾਲ ਮਿਲੇ। ਉੱਚ ਗੁਣਵੱਤਾ ਵਾਲੀ ਦੇਖਭਾਲ ਅਤੇ ਸਹਾਇਤਾ ਉਪਲਬਧ ਹੋਣੀ ਚਾਹੀਦੀ ਹੈ, ਭਾਵੇਂ ਤੁਸੀਂ ਘਰ 'ਚ ਰਹਿਣਾ ਚੁਣਦੇ ਹੋ ਜਾਂ ਕਿਸੇ ਬਿਰਧ ਦੇਖਭਾਲ ਘਰ ਵਿੱਚ ਜਾਣਾ ਚਾਹੁੰਦੇ ਹੋ।

**MyAgedCare.gov.au/improving-australias-aged-care-system**

**health.gov.au/our-work/aged-care-act**

# Support at Home ਪ੍ਰੋਗਰਾਮ ਬਾਰੇ

ਆਸਟ੍ਰੇਲੀਆਈ ਸਰਕਾਰ ਬਜ਼ੁਰਗਾਂ ਨੂੰ ਘਰ ਵਿੱਚ ਲੰਬੇ ਸਮੇਂ ਤੱਕ ਆਤਮ-ਨਿਰਭਰ ਤੌਰ 'ਤੇ ਰਹਿਣ ਵਿੱਚ ਮੱਦਦ ਕਰਨ ਲਈ ਘਰ ਵਿੱਚ ਬਿਰਧ ਦੇਖਭਾਲ ਸੇਵਾ ਵਿੱਚ ਸੁਧਾਰ ਕਰ ਰਹੀ ਹੈ।

Support at Home ਨਾਮਕ ਇੱਕ ਨਵਾਂ ਪ੍ਰੋਗਰਾਮ ਤਿਆਰ ਕੀਤਾ ਗਿਆ ਹੈ, ਜੋ 1 ਨਵੰਬਰ 2025 ਤੋਂ ਕੁੱਝ ਕੁ ਘਰ-ਅਧਾਰਿਤ ਬਿਰਧ ਦੇਖਭਾਲ ਪ੍ਰੋਗਰਾਮਾਂ ਨੂੰ ਇਕੱਠਾ ਕਰੇਗਾ।

ਨਵੇਂ Support at Home ਪ੍ਰੋਗਰਾਮ ਦੇ ਤਹਿਤ, ਬਜ਼ੁਰਗਾਂ ਨੂੰ ਸਿਹਤਮੰਦ, ਸਰਗਰਮ ਅਤੇ ਸਮਾਜਿਕ ਤੌਰ 'ਤੇ ਆਪਣੇ ਭਾਈਚਾਰੇ ਨਾਲ ਜੁੜੇ ਰਹਿਣ ਵਿੱਚ ਮੱਦਦ ਕਰਨ ਲਈ ਸੇਵਾਵਾਂ, ਉਤਪਾਦਾਂ, ਉਪਕਰਨਾਂ ਅਤੇ ਘਰ ਵਿੱਚ ਸੋਧਾਂ ਉਪਲਬਧ ਕਰਵਾਉਣ ਵਿੱਚ ਸੁਧਾਰ ਕੀਤਾ ਜਾਵੇਗਾ।

**ਇਸ ਵਿੱਚ ਸ਼ਾਮਲ ਹਨ:**

- Restorative Care Pathway [ਅਰੋਗਤਾ ਦੇਖਭਾਲ ਮਾਰਗ], ਜੋ ਬਹੁ-ਵਿਭਾਗੀ ਐਲਾਈਡ ਹੈਲਥ ਸੇਵਾਵਾਂ ਰਾਹੀਂ ਤੁਹਾਡੀ ਆਤਮ-ਨਿਰਭਰਤਾ ਨੂੰ ਬਣਾਈ ਰੱਖਣ ਅਤੇ ਬਿਹਤਰ ਬਣਾਉਣ ਵਿੱਚ ਤੁਹਾਡੀ ਮੱਦਦ ਕਰਦਾ ਹੈ।
- Assistive Technology and Home Modifications (AT-HM) [ਸਹਾਇਕ ਤਕਨਾਲੋਜੀ ਅਤੇ ਘਰੇਲੂ ਸੋਧ] ਯੋਜਨਾ, ਜੋ ਤੁਹਾਡੀਆਂ ਮੁਲਾਂਕਣ ਕੀਤੀਆਂ ਲੋੜਾਂ ਨੂੰ ਪੂਰਾ ਕਰਨ ਲਈ ਉਤਪਾਦ, ਉਪਕਰਨ ਅਤੇ ਘਰ ਵਿੱਚ ਸੋਧਾਂ ਮੁਹੱਈਆ ਕਰੇਗੀ।
- End-of-Life Pathway [ਅੰਤਿਮ ਸਮੇਂ ਦੀ ਦੇਖਭਾਲ ਦਾ ਮਾਰਗ], ਜੋ ਤੁਹਾਨੂੰ ਆਪਣੇ ਜੀਵਨ ਦੇ ਆਖਰੀ 3 ਮਹੀਨੇ ਆਪਣੇ ਘਰ 'ਚ ਹੀ ਬਿਤਾਉਣ ਲਈ ਸਹਾਇਤਾ ਸੇਵਾਵਾਂ ਤੱਕ ਪਹੁੰਚ ਕਰਨ ਲਈ ਵਿਸ਼ੇਸ਼ ਫੰਡਿੰਗ ਪ੍ਰਦਾਨ ਕਰੇਗਾ।

**health.gov.au/support-at-home**

# Support at Home ਦੇ ਸ਼ੁਰੂ ਹੋਣ ਦੀ ਮਿਤੀ

Support at Home ਪ੍ਰੋਗਰਾਮ, 1 ਨਵੰਬਰ 2025 ਤੋਂ Home Care Packages [ਹੋਮ ਕੇਅਰ ਪੈਕੇਜ] ਪ੍ਰੋਗਰਾਮ ਅਤੇ Short-Term Restorative Care (STRC) [ਥੋੜ੍ਹੇ ਸਮੇਂ ਦੀ ਅਰੋਗਤਾ ਦੇਖਭਾਲ] ਪ੍ਰੋਗਰਾਮ ਦੀ ਥਾਂ ਲਵੇਗਾ।

Commonwealth Home Support Program (CHSP) [ਕਾਮਨਵੈਲਥ ਹੋਮ ਸਪੋਰਟ ਪ੍ਰੋਗਰਾਮ] 1 ਜੁਲਾਈ 2027 ਤੋਂ ਬਾਅਦ Support at Home ਪ੍ਰੋਗਰਾਮ ਦਾ ਹਿੱਸਾ ਬਣ ਜਾਵੇਗਾ।

- **health.gov.au/support-at-home**
- **health.gov.au/our-work/hcp**
- **health.gov.au/our-work/short-term-restorative-care-strc-programme**

# Support at Home ਰਾਹੀਂ ਪ੍ਰਾਪਤ ਕੀਤੀ ਜਾ ਸਕਣ ਵਾਲੀ ਸਹਾਇਤਾ

## ਤੁਹਾਨੂੰ ਲੰਬੇ ਸਮੇਂ ਤੱਕ ਆਪਣੇ ਘਰ ਵਿੱਚ ਰਹਿਣ ਲਈ ਸਹਾਇਤਾ ਕਰਨ ਵਾਲੀਆਂ ਸੇਵਾਵਾਂ

Support at Home ਕਈ ਤਰ੍ਹਾਂ ਦੀਆਂ ਸਹਾਇਤਾ ਪ੍ਰਦਾਨ ਕਰਦਾ ਹੈ, ਤਾਂ ਜੋ ਤੁਸੀਂ ਆਪਣੇ ਘਰ ਵਿੱਚ ਵਧੀਆ ਤਰੀਕੇ ਨਾਲ ਜੀਵਨ ਬਿਤਾਉਂਦੇ ਰਹਿਣਾ ਜਾਰੀ ਰੱਖ ਸਕੋ। ਤੁਹਾਡੇ ਬਿਰਧ ਦੇਖਭਾਲ ਮੁਲਾਂਕਣ ਅਤੇ ਯੋਗਤਾ ਦੇ ਆਧਾਰ ‘ਤੇ, ਤੁਹਾਡੇ ਕੋਲ ਮੰਨਜ਼ੂਰਸ਼ੁਦਾ ਸੇਵਾਵਾਂ ਦੀ ਸੂਚੀ ਤੱਕ ਪਹੁੰਚ ਹੋਵੇਗੀ। ਤੁਹਾਨੂੰ ਆਪਣੇ ਬਜਟ ਅੰਦਰ ਉਹਨਾਂ ਵੱਖ ਵੱਖ ਸੇਵਾਵਾਂ ਦੀ ਚੋਣ ਕਰਨ ਲਈ ਸਹਾਇਤਾ ਦਿੱਤੀ ਜਾਵੇਗੀ, ਜਿਨ੍ਹਾਂ ਦਾ ਤੁਸੀਂ ਲਾਭ ਲੈਣਾ ਚਾਹੁੰਦੇ ਹੋ।

Support at Home ਪ੍ਰੋਗਰਾਮ ਦੇ ਤਹਿਤ, ਤੁਸੀਂ ਕਿਸੇ ਵੀ ਸਮੇਂ ਆਪਣੇ ਪ੍ਰਦਾਤਾ ਨਾਲ ਮੰਨਜ਼ੂਰਸ਼ੁਦਾ ਸੂਚੀ ਵਿੱਚੋਂ ਤੁਹਾਡੇ ਦੁਆਰਾ ਪਹੁੰਚ ਕੀਤੀਆਂ ਸੇਵਾਵਾਂ ਦੇ ਮਿਸ਼ਰਣ ਨੂੰ ਬਦਲਣ ਦੀ ਬੇਨਤੀ ਕਰ ਸਕਦੇ ਹੋ, ਜੋ ਇਹ ਯਕੀਨੀ ਬਣਾਉਣ ਲਈ ਤੁਹਾਡੀ ਸਹਾਇਤਾ ਕਰੇਗਾ ਕਿ ਤੁਹਾਨੂੰ ਮਿਲਣ ਵਾਲੀਆਂ ਸੇਵਾਵਾਂ ਤੁਹਾਡੀਆਂ ਲੋੜਾਂ ਨੂੰ ਪੂਰਾ ਕਰਦੀਆਂ ਹਨ।

**ਇਸ ਵਿੱਚ ਹੇਠ ਲਿਖਿਆ ਲਈ ਸਹਾਇਤਾ ਸ਼ਾਮਲ ਹੈ:**

- ਕਲੀਨਿਕਲ ਦੇਖਭਾਲ - ਜਿਵੇਂ ਕਿ ਨਰਸਿੰਗ ਦੇਖਭਾਲ, ਕਿੱਤਾਮੁਖੀ ਥੈਰੇਪੀ ਅਤੇ ਕੰਟੀਨੈਂਸ ਦੇਖਭਾਲ।
- ਆਤਮ-ਨਿਰਭਰਤਾ – ਜਿਵੇਂ ਕਿ ਕੱਪੜੇ ਪਹਿਨਣ, ਦਵਾਈਆਂ ਲੈਣ, ਆਵਾਜਾਈ ਜਾਂ ਰੈਸਪਾਇਟ ਦੇਖਭਾਲ ਵਿੱਚ ਮੱਦਦ।
- ਰੋਜ਼ਮਰ੍ਹਾ ਜੀਵਨ - ਜਿਵੇਂ ਕਿ ਸਾਫ਼-ਸਫ਼ਾਈ, ਬਾਗਬਾਨੀ, ਖ਼ਰੀਦਦਾਰੀ ਜਾਂ ਭੋਜਨ ਤਿਆਰ ਕਰਨਾ।

Support at Home ਵਿੱਚ 8 ਲਗਾਤਾਰ ਮਿਲਣ ਵਾਲੀਆਂ ਸੇਵਾਵਾਂ ਦੇ ਵਰਗੀਕਰਨ ਹੋਣਗੇ, ਜੋ ਤੁਹਾਡੀਆਂ ਮੁਲਾਂਕਣ ਕੀਤੀਆਂ ਲੋੜਾਂ ਦੇ ਆਧਾਰ 'ਤੇ ਉਪਲਬਧ ਫ਼ੰਡ ਦੇ ਪੱਧਰ ਨੂੰ ਦਰਸਾਉਣਗੇ। ਹਰ ਲਗਾਤਾਰ ਮਿਲਣ ਵਾਲੀ ਸੇਵਾ ਦੇ ਵਰਗ ਵਿੱਚ, ਤੁਹਾਡੇ ਕੋਲ ਇੱਕ ਤਿਮਾਹੀ ਬਜਟ ਹੋਵੇਗਾ ਜਿਸ ਨਾਲ ਤੁਸੀਂ ਸੇਵਾਵਾਂ ਤੱਕ ਪਹੁੰਚ ਸਕੋਗੇ। ਜੇਕਰ ਤੁਹਾਡੀਆਂ ਲੋੜਾਂ ਬਦਲ ਜਾਂਦੀਆਂ ਹਨ, ਤਾਂ ਤੁਸੀਂ ਦੁਬਾਰਾ ਮੁਲਾਂਕਣ ਕਰਨ ਦੀ ਬੇਨਤੀ ਕਰ ਸਕਦੇ ਹੋ।

ਜੇਕਰ ਤੁਸੀਂ Home Care Package 'ਤੇ ਹੋ, ਤਾਂ ਤੁਹਾਨੂੰ Support at Home ਵਿੱਚ ਵੀ ਉਹੀ ਵਰਗੀਕਰਨ ਮਿਲੇਗਾ ਜੋ ਤੁਹਾਡੀ HCP ਫੰਡਿੰਗ ਦੇ ਬਰਾਬਰ ਹੋਵੇਗਾ।

ਤਿੰਨ ਛੋਟੀ ਮਿਆਦ ਦੇ ਸੇਵਾ ਵਰਗੀਕਰਨ ਵੀ ਉਪਲਬਧ ਹਨ। ਜਦੋਂ ਤੁਹਾਡਾ ਬਿਰਧ ਦੇਖਭਾਲ ਮੁਲਾਂਕਣ ਕੀਤਾ ਜਾਂਦਾ ਹੈ, ਤਾਂ ਤੁਹਾਡਾ ਮੁਲਾਂਕਣਕਰਤਾ ਇਹ ਨਿਰਧਾਰਤ ਕਰੇਗਾ ਕਿ ਤੁਸੀਂ ਥੋੜ੍ਹੇ ਸਮੇਂ ਦੇ ਮਾਰਗਾਂ ਲਈ ਯੋਗ ਹੋ ਜਾਂ ਨਹੀਂ। ਉਹ ਵਧੀਕ ਸਮਾਂ-ਸੀਮਤ ਸਹਾਇਤਾ ਪ੍ਰਦਾਨ ਕਰਦੇ ਹਨ। ਥੋੜ੍ਹੇ ਸਮੇਂ ਦੀਆਂ ਸੇਵਾਵਾਂ ਦੇ ਵਰਗੀਕਰਨ ਵੀ ਬਿਰਧ ਦੇਖਭਾਲ ਮੁਲਾਂਕਣ ਰਾਹੀਂ ਹੀ ਪਹੁੰਚ ਕੀਤੇ ਜਾਂਦੇ ਹਨ।

**health.gov.au/support-at-home-ongoing-services**

# Restorative Care Pathway

Restorative Care Pathway ਲੋਕਾਂ ਨੂੰ ਰੋਜ਼ਮਰ੍ਹਾ ਦੇ ਕੰਮਾਂ ਵਿੱਚ ਦੁਬਾਰਾ ਤੋਂ ਆਤਮ-ਨਿਰਭਰਤਾ ਪ੍ਰਾਪਤ ਕਰਨ ਵਿੱਚ ਮੱਦਦ ਕਰੇਗਾ। ਇਸ ਨਾਲ ਵੱਧ ਸੇਵਾਵਾਂ ਲੈਣ ਦੀ ਲੋੜ ਘੱਟ ਸਕਦੀ ਹੈ ਅਤੇ ਤੁਹਾਨੂੰ ਉਹ ਸਰਗਰਮੀਆਂ ਕਰਨ ਵਿੱਚ ਸਹਾਇਤਾ ਮਿਲੇਗੀ ਜਿਨ੍ਹਾਂ ਦਾ ਤੁਸੀਂ ਆਨੰਦ ਮਾਣਦੇ ਹੋ।

ਇਸ Restorative Care Pathway ਦੇ ਤਹਿਤ, ਤੁਸੀਂ ਇਹ ਲਾਭ ਲੈ ਸਕਦੇ ਹੋ:

- 16 ਹਫ਼ਤਿਆਂ ਤੱਕ ਦੀ ਅਰੋਗਤਾ ਦੇਖਭਾਲ ਤੱਕ ਪਹੁੰਚ
- ਬਹੁ-ਵਿਭਾਗੀ ਐਲਾਈਡ ਸਿਹਤ ਸੇਵਾਵਾਂ ਲਈ ਲਗਭਗ $6,000 (ਜਾਂ ਜੇਕਰ ਲੋੜ ਹੋਵੇ ਤਾਂ $12,000 ਤੱਕ) ਦਾ ਵਾਧੂ ਬਜਟ
- ਅਰੋਗਤਾ ਦੇਖਭਾਲ ਤੱਕ ਵੱਖਰੇ ਤੌਰ 'ਤੇ ਪਹੁੰਚ ਕਰਨਾ, ਜਾਂ ਲਗਾਤਾਰ ਮਿਲਣ ਵਾਲੀਆਂ Support at Home ਸੇਵਾਵਾਂ ਦੇ ਨਾਲ।
- ਜੇਕਰ ਲੋੜ ਹੋਵੇ, ਤਾਂ Assistive Technology and Home Modifications (AT-HM) ਯੋਜਨਾ ਰਾਹੀਂ ਸਹਾਇਕ ਤਕਨਾਲੋਜੀ ਅਤੇ ਘਰ ਵਿੱਚ ਸੋਧਾਂ ਤੱਕ ਪਹੁੰਚ ਪ੍ਰਾਪਤ ਕਰਨਾ।

**health.gov.au/support-at-home-short-term-supports**

# End-of-Life Pathway

End-of-Life Pathway ਤੁਹਾਨੂੰ ਤੁਹਾਡੇ ਜੀਵਨ ਦੇ ਆਖਰੀ 3 ਮਹੀਨੇ ਆਪਣੇ ਖੁਦ ਦੇ ਘਰ ਰਹਿਣ ਵਿੱਚ ਸਹਾਇਤਾ ਕਰੇਗਾ। ਤੁਹਾਨੂੰ End-of-Life Pathway ਤੱਕ ਪਹੁੰਚ ਕਰਨ ਲਈ ਉੱਚ-ਤਰਜੀਹ ਵਾਲੇ Support Plan Review [ਸਹਾਇਤਾ ਯੋਜਨਾ ਸਮੀਖਿਆ] ਲਈ ਭੇਜਿਆ ਜਾ ਸਕਦਾ ਹੈ, ਭਾਵੇਂ ਤੁਸੀਂ ਪਹਿਲਾਂ ਹੀ Support at Home ਪ੍ਰੋਗਰਾਮ ਵਿੱਚ ਹਿੱਸੇਦਾਰ ਨਾ ਹੋਵੋ।

End-of-Life Pathway ਦੇ ਤਹਿਤ, ਤੁਸੀਂ:

- ਘਰ ਵਿੱਚ ਬਿਰਧ ਦੇਖਭਾਲ ਸੇਵਾਵਾਂ ਲਈ ਉੱਚ ਪੱਧਰੀ ਫੰਡਿੰਗ ਤੱਕ ਤੁਰੰਤ ਪਹੁੰਚ ਪ੍ਰਾਪਤ ਕਰੋਗੇ, ਜੇਕਰ ਤੁਹਾਡੇ ਜੀਵਨ ਵਿੱਚ 3 ਮਹੀਨੇ ਜਾਂ ਇਸ ਤੋਂ ਘੱਟ ਦਾ ਸਮਾਂ ਰਹਿਣ ਦਾ ਪਤਾ ਲੱਗਿਆ ਹੈ
- ਜੇਕਰ ਲੋੜ ਹੋਵੇ ਤਾਂ Assistive Technology and Home Modifications (AT-HM) ਸਕੀਮ ਰਾਹੀਂ ਸਹਾਇਕ ਤਕਨਾਲੋਜੀ ਤੱਕ ਪਹੁੰਚ ਕਰ ਸਕੋਗੇ
- 12 ਹਫ਼ਤਿਆਂ ਵਿੱਚ $25,000 ਤੱਕ ਦੀ ਫੰਡਿੰਗ ਪ੍ਰਾਪਤ ਕਰੋਗੇ, ਜਿਸਨੂੰ ਵਰਤਣ ਲਈ 16 ਹਫ਼ਤੇ ਮਿਲਣਗੇ, ਤਾਂ ਜੋ ਵਧੇਰੇ ਲਚਕਤਾ ਰਹੇ।

ਜੇਕਰ ਤੁਹਾਨੂੰ 12 ਹਫ਼ਤਿਆਂ ਤੋਂ ਵੱਧ ਸੇਵਾਵਾਂ ਦੀ ਲੋੜ ਹੈ, ਤਾਂ ਤੁਸੀਂ ਮੁਲਾਂਕਣ ਕਰਨ ਦੀ ਬੇਨਤੀ ਕਰ ਸਕਦੇ ਹੋ ਤਾਂ ਜੋ ਤੁਸੀਂ ਲਗਾਤਾਰ ਮਿਲਣ ਵਾਲੀ ਸੇਵਾ ਦੇ ਵਰਗੀਕਰਨ ਹੇਠ Support at Home ਸੇਵਾਵਾਂ ਪ੍ਰਾਪਤ ਕਰਨਾ ਜਾਰੀ ਰੱਖ ਸਕੋ। ਇਹ ਮਾਰਗ ਰਾਜ ਅਤੇ ਕੇਂਦਰੀ ਪ੍ਰਦੇਸ਼ ਸਰਕਾਰਾਂ ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਹੋਰ ਘਰ-ਅਧਾਰਿਤ ਪੈਲੇਅਟਿਵ ਦੇਖਭਾਲ ਸੇਵਾਵਾਂ ਦਾ ਪੂਰਕ ਹੈ।

**health.gov.au/support-at-home-short-term-supports**



# Assistive Technology and Home Modifications (AT-HM) ਸਕੀਮ

Assistive Technology and Home Modifications (AT-HM) ਸਕੀਮ, ਤੁਹਾਨੂੰ ਆਪਣੀਆਂ ਮੁਲਾਂਕਣ ਕੀਤੀਆਂ ਲੋੜਾਂ ਨੂੰ ਪੂਰਾ ਕਰਨ ਲਈ ਉਤਪਾਦਾਂ, ਉਪਕਰਨਾਂ (ਜਿਵੇਂ ਕਿ ਵ੍ਹੀਲਚੇਅਰ) ਅਤੇ ਘਰ ਵਿੱਚ ਸੋਧਾਂ (ਜਿਵੇਂ ਕਿ ਸ਼ਾਵਰ ਰੇਲ ਲਗਾਉਣ) ਲਈ ਪਹੁੰਚ ਮੁਹੱਈਆ ਕਰੇਗੀ।

ਜੇਕਰ ਤੁਹਾਨੂੰ ਆਪਣੇ ਬਿਰਧ ਦੇਖਭਾਲ ਮੁਲਾਂਕਣ ਤੋਂ ਬਾਅਦ AT-HM ਸਕੀਮ ਲਈ ਮੰਨਜ਼ੂਰੀ ਮਿਲ ਜਾਂਦੀ ਹੈ, ਤਾਂ ਤੁਸੀਂ ਘਰ ਵਿੱਚ ਸੋਧਾਂ ਲਈ $15,000 ਤੱਕ ਅਤੇ ਸਹਾਇਕ ਤਕਨਾਲੋਜੀ ਲਈ $15,000 (ਜਾਂ ਸਬੂਤ ਹੋਣ 'ਤੇ ਇਸ ਤੋਂ ਵੱਧ) ਰਕਮ ਤੱਕ ਪਹੁੰਚ ਕਰ ਸਕਦੇ ਹੋ। ਤੁਸੀਂ ਸਹਾਇਕ ਤਕਨਾਲੋਜੀ ਫੰਡਿੰਗ, ਘਰ ਵਿੱਚ ਸੋਧਾਂ ਦੀ ਫੰਡਿੰਗ ਜਾਂ ਦੋਵੇਂ ਪ੍ਰਾਪਤ ਕਰਨ ਲਈ ਯੋਗ ਹੋ ਸਕਦੇ ਹੋ।

ਤੁਹਾਡੀਆਂ ਮੁਲਾਂਕਣ ਕੀਤੀਆਂ ਲੋੜਾਂ ਦੇ ਆਧਾਰ 'ਤੇ, ਸਹਾਇਕ ਟੈਕਨੋਲੋਜੀ ਅਤੇ ਘਰ ਦੀਆਂ ਤਬਦੀਲੀਆਂ ਲਈ ਫੰਡਿੰਗ ਦੇ ਪੱਧਰ ਇਹ ਹਨ:

| | |
|---|---|
| ਘੱਟ | $500 ਤੱਕ |
| ਦਰਮਿਆਨਾ | $2,000 ਤੱਕ |
| ਉੱਚਾ | $15,000 ਤੱਕ<br>ਸਹਾਇਕ ਤਕਨਾਲੋਜੀ ਲਈ $15,000 ਤੋਂ ਵੱਧ ਦੀ ਰਕਮ ਸਿਰਫ਼ ਲੋੜ ਦੇ ਸਬੂਤ ਦੇ ਆਧਾਰ 'ਤੇ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ। |

ਤੁਸੀਂ ਇਸ ਫੰਡਿੰਗ ਦੀ ਵਰਤੋਂ 12 ਮਹੀਨਿਆਂ ਤੋਂ ਵੱਧ ਸਮੇਂ ਲਈ ਕਰਨ ਦੇ ਯੋਗ ਹੋ। ਜੇਕਰ ਤੁਹਾਡੀਆਂ ਕੋਈ ਖ਼ਾਸ ਲੋੜਾਂ ਹਨ, ਜਿਵੇਂ ਕਿ ਸਹਾਇਕ ਕੁੱਤੇ ਦੀ ਲੋੜ, ਤਾਂ ਤੁਸੀਂ ਲੰਬੇ ਸਮੇਂ ਲਈ ਵਧੇਰੇ ਫੰਡਿੰਗ ਲਈ ਯੋਗ ਹੋ ਸਕਦੇ ਹੋ।

ਇਸ AT-HM ਸੂਚੀ ਵਿੱਚ ਉਹ ਉਤਪਾਦ, ਉਪਕਰਨ ਅਤੇ ਘਰੇਲੂ ਸੋਧਾਂ ਸ਼ਾਮਲ ਹਨ ਜਿਨ੍ਹਾਂ ਤੱਕ Support at Home ਭਾਗੀਦਾਰ AT-HM ਸਕੀਮ ਰਾਹੀਂ ਪਹੁੰਚ ਕਰ ਸਕਦੇ ਹਨ।

**health.gov.au/support-at-home-short-term-supports**

**health.gov.au/at-hm-list**

# ਦੇਖਭਾਲ ਪ੍ਰਬੰਧਨ

ਤੁਹਾਨੂੰ ਦੇਖਭਾਲ ਪ੍ਰਬੰਧਨ ਦੀ ਸਹੂਲਤ ਮਿਲੇਗੀ, ਜੋ ਤੁਹਾਨੂੰ ਆਪਣੀਆਂ ਬਿਰਧ ਦੇਖਭਾਲ ਸੇਵਾਵਾਂ ਤੋਂ ਸਭ ਤੋਂ ਵਧੀਆ ਨਤੀਜੇ ਪ੍ਰਾਪਤ ਕਰਨ ਵਿੱਚ ਸਹਾਇਤਾ ਕਰਦੀ ਹੈ।

ਜੇਕਰ ਤੁਸੀਂ ਲਗਾਤਾਰ ਮਿਲਣ ਵਾਲੀਆਂ ਸੇਵਾਵਾਂ ਪ੍ਰਾਪਤ ਕਰਦੇ ਹੋ, ਤਾਂ ਹਰ ਤਿਮਾਹੀ ਵਿੱਚ ਤੁਹਾਡੇ ਬਜਟ ਦਾ 10% ਹਿੱਸਾ ਦੇਖਭਾਲ ਪ੍ਰਬੰਧਨ ਲਈ ਤੁਹਾਡੇ ਪ੍ਰਦਾਤਾ ਨੂੰ ਦਿੱਤਾ ਜਾਵੇਗਾ। ਇਹ ਰਕਮ ਉਹੀ ਰਹੇਗੀ ਭਾਵੇਂ ਤੁਸੀਂ ਆਪਣੀਆਂ ਸਾਰੀਆਂ ਜਾਂ ਕੁੱਝ ਸੇਵਾਵਾਂ ਨੂੰ ਖੁਦ-ਪ੍ਰਬੰਧਿਤ ਕਰਨ ਦਾ ਫ਼ੈਸਲਾ ਕਰਦੇ ਹੋ।

ਤੁਹਾਡਾ Support at Home ਪ੍ਰਦਾਤਾ ਦੇਖਭਾਲ ਪ੍ਰਬੰਧਨ ਦੀਆਂ ਗਤੀਵਿਧੀਆਂ ਪ੍ਰਦਾਨ ਕਰੇਗਾ, ਜਿਸ ਵਿੱਚ ਸ਼ਾਮਲ ਹਨ:

| ਸੇਵਾਵਾਂ | ਵੇਰਵਾ |
|---|---|
| ਦੇਖਭਾਲ ਯੋਜਨਾ ਬਣਾਉਣਾ | • ਤੁਹਾਡੀਆਂ ਲੋੜਾਂ, ਟੀਚਿਆਂ, ਤਰਜੀਹਾਂ ਅਤੇ ਮੌਜੂਦਾ ਸਹਾਇਤਾਵਾਂ ਦੀ ਪਛਾਣ ਕਰਨ ਅਤੇ ਮੁਲਾਂਕਣ ਕਰਨ ਲਈ ਤੁਹਾਡੇ ਨਾਲ ਮਿਲਕੇ ਕੰਮ ਕਰਨਾ<br>• ਤੁਹਾਡੀ ਦੇਖਭਾਲ ਯੋਜਨਾ ਤਿਆਰ ਕਰਨਾ ਅਤੇ ਸਮੀਖਿਆ ਕਰਨਾ<br>• ਤੁਹਾਡੇ ਸੇਵਾ ਸਮਝੌਤੇ ਦੀ ਸਮੀਖਿਆ ਕਰਨਾ |
| ਸੇਵਾ ਤਾਲਮੇਲ | • ਤੁਹਾਨੂੰ ਸੇਵਾਵਾਂ ਪ੍ਰਦਾਨ ਕਰਨ ਵਿੱਚ ਸ਼ਾਮਲ ਕਰਮਚਾਰੀਆਂ ਨਾਲ, ਅਤੇ ਤੁਹਾਡੇ ਅਤੇ ਤੁਹਾਡੇ ਪਰਿਵਾਰ ਜਾਂ ਗ਼ੈਰ-ਰਸਮੀ ਦੇਖਭਾਲ ਕਰਨ ਵਾਲਿਆਂ ਨਾਲ ਗੱਲਬਾਤ ਅਤੇ ਤਾਲਮੇਲ (ਜੇਕਰ ਤੁਸੀਂ ਸਹਿਮਤੀ ਦਿੰਦੇ ਹੋ)<br>• ਬਜਟ ਪ੍ਰਬੰਧਨ ਅਤੇ ਨਿਗਰਾਨੀ<br>• ਜੇਕਰ ਤੁਸੀਂ ਕਿਸੇ ਵੱਖਰੀ ਕਿਸਮ ਦੀ ਦੇਖਭਾਲ ਵਿੱਚ ਜਾ ਰਹੇ ਹੋ, ਜਾਂ ਹਸਪਤਾਲ ਤੋਂ ਘਰ ਜਾਂਦੇ ਹੋ, ਤਾਂ ਤੁਹਾਡੀ ਸਹਾਇਤਾ ਕਰਨਾ |
| ਨਿਗਰਾਨੀ, ਸਮੀਖਿਆ ਅਤੇ ਮੁਲਾਂਕਣ | • ਲਗਾਤਾਰ ਮਿਲਣ ਵਾਲੀ ਦੇਖਭਾਲ ਸੰਬੰਧੀ ਗੱਲਬਾਤ ਵਿੱਚ ਸ਼ਾਮਲ ਹੋਣਾ<br>• ਕੇਸ ਕਾਨਫਰੰਸ ਕਰਨਾ<br>• ਤੁਹਾਡੀਆਂ ਬਦਲਦੀਆਂ ਲੋੜਾਂ ਅਤੇ ਕਿਸੇ ਵੀ ਉਭਰ ਰਹੇ ਜ਼ੋਖਮਾਂ ਦੀ ਨਿਗਰਾਨੀ ਕਰਨਾ ਅਤੇ ਜਵਾਬ ਦੇਣਾ<br>• ਟੀਚਿਆਂ, ਸੇਵਾ ਗੁਣਵੱਤਾ ਅਤੇ ਨਤੀਜਿਆਂ ਦਾ ਮੁਲਾਂਕਣ ਕਰਨਾ |
| ਸਹਾਇਤਾ ਅਤੇ ਸਿੱਖਿਆ | • ਸੂਚਿਤ ਫ਼ੈਸਲੇ ਲੈਣ ਵਿੱਚ ਤੁਹਾਡੀ ਸਹਾਇਤਾ ਕਰਨਾ<br>• ਦੁਬਾਰਾ ਸਮਰੱਥ ਹੋਣ ਵਾਲੀਆਂ ਪਹੁੰਚਾਂ ਦਾ ਸਮਰਥਨ ਅਤੇ ਏਕੀਕਰਨ ਕਰਨਾ<br>• ਸਲਾਹ, ਜਾਣਕਾਰੀ ਅਤੇ ਸਰੋਤ ਪ੍ਰਦਾਨ ਕਰਨਾ<br>• ਸਿਹਤ ਜਾਗਰੂਕਤਾ ਅਤੇ ਸਿੱਖਿਆ<br>• ਪ੍ਰਣਾਲੀ ਨੂੰ ਸਮਝਣਾ ਅਤੇ ਨਾਲ ਜੋੜਨਾ<br>• ਸਮੱਸਿਆਵਾਂ ਅਤੇ ਜ਼ੋਖਮਾਂ ਨੂੰ ਹੱਲ ਕਰਨਾ<br>• ਯਕੀਨੀ ਬਣਾਉਣਾ ਕਿ ਤੁਹਾਡੇ ਵਿਚਾਰ, ਅਧਿਕਾਰ ਅਤੇ ਚਿੰਤਾਵਾਂ ਸੁਣੀਆਂ ਜਾਂ ਉੱਪਰ ਪਹੁੰਚਾਈਆਂ ਜਾਣ<br>• ਸ਼ਿਕਾਇਤਾਂ ਕਰਨ ਅਤੇ ਫੀਡਬੈਕ ਦੇਣ ਵਿੱਚ ਤੁਹਾਡੀ ਸਹਾਇਤਾ ਕਰਨਾ |

**health.gov.au/support-at-home-features**

# ਵਰਗੀਕਰਨ ਅਤੇ ਬਜਟ

ਤੁਹਾਡਾ Support at Home ਵਰਗੀਕਰਨ ਤੁਹਾਡੇ ਬਿਰਧ ਦੇਖਭਾਲ ਮੁਲਾਂਕਣ ਦੌਰਾਨ ਤੈਅ ਕੀਤਾ ਜਾਂਦਾ ਹੈ। ਇਸ ਵਿੱਚ ਤੁਹਾਨੂੰ ਲਗਾਤਾਰ ਮਿਲਣ ਵਾਲੀਆਂ ਸੇਵਾਵਾਂ ਦਾ ਵਰਗੀਕਰਨ ਅਤੇ ਥੋੜ੍ਹੇ ਸਮੇਂ ਦੇ ਸਹਾਇਤਾ ਮਾਰਗਾਂ ਦੀ ਮੰਨਜ਼ੂਰੀ ਸ਼ਾਮਲ ਹੁੰਦੀ ਹੈ।

ਤੁਹਾਡਾ ਮੁਲਾਂਕਣ ਤੁਹਾਡੀਆਂ ਲੋੜਾਂ ਦੇ ਆਧਾਰ 'ਤੇ ਤੁਹਾਡਾ ਤਿਮਾਹੀ (ਹਰ 3 ਮਹੀਨੇ) ਬਜਟ ਵੀ ਨਿਰਧਾਰਤ ਕਰਦਾ ਹੈ।

ਜੇਕਰ ਤੁਸੀਂ ਹਰ ਤਿਮਾਹੀ ਵਿੱਚ ਆਪਣਾ ਪੂਰਾ ਬਜਟ ਖ਼ਰਚ ਨਹੀਂ ਕਰਦੇ ਹੋ, ਤਾਂ ਤੁਸੀਂ ਅਣਵਰਤੀ ਗਈ ਰਕਮ ਵਿੱਚੋਂ ਵੱਧ ਤੋਂ ਵੱਧ $1,000 ਜਾਂ 10% (ਜਿਹੜਾ ਵੀ ਵੱਧ ਹੋਵੇ) ਅਗਲੀ ਤਿਮਾਹੀ ਲਈ ਲੈ ਕੇ ਜਾ ਸਕਦੇ ਹੋ।

AT-HM ਸਕੀਮ ਰਾਹੀਂ ਮਿਲਣ ਵਾਲੀ ਸਹਾਇਕ ਤਕਨਾਲੋਜੀ ਅਤੇ ਘਰ ਸੋਧਾਂ ਲਈ ਬਜਟ ਤਿਮਾਹੀ ਅਧਾਰ 'ਤੇ ਨਹੀਂ ਬਣਾਇਆ ਜਾਂਦਾ ਹੈ। ਜੇਕਰ AT-HM ਸਕੀਮ ਲਈ ਮੰਨਜ਼ੂਰੀ ਦੇ ਦਿੱਤੀ ਜਾਂਦੀ ਹੈ, ਤਾਂ ਤੁਹਾਡੇ ਕੋਲ ਲੰਬੇ ਸਮੇਂ ਲਈ ਫੰਡਿੰਗ ਹੋਵੇਗੀ।

# ਯੋਗਦਾਨ

ਯੋਗਦਾਨ Support at Home ਪ੍ਰੋਗਰਾਮ ਦਾ ਇੱਕ ਮਹੱਤਵਪੂਰਨ ਹਿੱਸਾ ਹਨ, ਤਾਂ ਜੋ ਕਿਫਾਇਤੀ ਤਰੀਕੇ ਨਾਲ ਬਿਹਤਰ ਅਤੇ ਵਧੇਰੇ ਅਨੁਕੂਲ ਸੇਵਾਵਾਂ ਪ੍ਰਦਾਨ ਕਰਨ ਵਾਲੀ ਵਧੇਰੇ ਨਿਰਪੱਖ ਪ੍ਰਣਾਲੀ ਯਕੀਨੀ ਬਣਾਈ ਜਾ ਸਕੇ।

ਤੁਸੀਂ ਸਿਰਫ਼ ਉਹਨਾਂ ਸੇਵਾਵਾਂ ਲਈ ਹੀ ਯੋਗਦਾਨ ਪਾਵੋਗੇ, ਜੋ ਤੁਸੀਂ ਲੈਂਦੇ ਹੋ।

ਸਰਕਾਰ ਨਰਸਿੰਗ ਅਤੇ ਫਿਜ਼ੀਓਥੈਰੇਪੀ ਵਰਗੀਆਂ ਕਲੀਨਿਕਲ ਦੇਖਭਾਲ ਸੇਵਾਵਾਂ ਦਾ ਪੂਰਾ ਖ਼ਰਚਾ ਉਠਾਏਗੀ। ਤੁਹਾਨੂੰ ਇਹ ਸੇਵਾਵਾਂ ਲੈਣ ਲਈ ਕੋਈ ਯੋਗਦਾਨ ਦੇਣ ਦੀ ਲੋੜ ਨਹੀਂ ਹੋਵੇਗੀ।

## ਯੋਗਦਾਨ ਦੀਆਂ ਦਰਾਂ

ਯੋਗਦਾਨ ਦੀਆਂ ਦਰਾਂ ਸੇਵਾ ਦੀ ਕਿਸਮ ਅਤੇ ਤੁਹਾਡੀ ਆਮਦਨ ਅਤੇ ਸੰਪਤੀਆਂ ਦੇ ਅਨੁਸਾਰ ਵੱਖ-ਵੱਖ ਹੋਣਗੀਆਂ। ਤੁਹਾਡੇ ਯੋਗਦਾਨ ਦੀ ਰਕਮ ਨਿਰਧਾਰਤ ਕਰਨ ਲਈ ਇੱਕ ਆਮਦਨ ਅਤੇ ਸੰਪਤੀ ਮੁਲਾਂਕਣ ਦੀ ਵਰਤੋਂ ਕੀਤੀ ਜਾਵੇਗੀ, ਜੋ ਕਿ ਬੁਢਾਪਾ ਪੈਨਸ਼ਨ ਮੀਨਜ਼ ਟੈਸਟ ਵਾਂਗ ਹੈ।

ਜੋ ਵਿਅਕਤੀ Age Pension [ਬੁਢਾਪਾ ਪੈਨਸ਼ਨ] ਅਤੇ Commonwealth Seniors Health Card [ਕੌਮਨਵੈਲਥ ਸੀਨੀਅਰਜ਼ ਹੈਲਥ ਕਾਰਡ] ਧਾਰਕ ਹਨ, ਉਨ੍ਹਾਂ ਨੂੰ ਆਪਣੇ ਪੈਸੇ ਨਾਲ ਸੇਵਾ-ਮੁਕਤ ਹੋਏ ਵਿਅਕਤੀਆਂ ਨਾਲੋਂ ਘੱਟ ਯੋਗਦਾਨ ਦੇਣਾ ਪਵੇਗਾ।

Support at Home ਫ਼ੀਸ ਅਨੁਮਾਨਕ ਵਰਤੋਂ ਤਾਂ ਜੋ ਤੁਸੀਂ ਬਿਹਤਰ ਤਰੀਕੇ ਨਾਲ ਸਮਝ ਸਕੋ ਕਿ ਤੁਹਾਡਾ ਯੋਗਦਾਨ ਕਿੰਨਾ ਹੋ ਸਕਦਾ ਹੈ।

**MyAgedCare.gov.au/support-at-home#fee-estimator**

ਯੋਗਦਾਨ ਦੀ ਦਰ ਇਸ ਗੱਲ ‘ਤੇ ਨਿਰਭਰ ਕਰੇਗੀ ਕਿ ਤੁਸੀਂ Support at Home ਪ੍ਰੋਗਰਾਮ ਦੇ ਤਹਿਤ ਕਿਹੜੀ ਕਿਸਮ ਦੀ ਸੇਵਾ ਪ੍ਰਾਪਤ ਕਰ ਰਹੇ ਹੋ:

- ਤੁਹਾਨੂੰ ਕਲੀਨਿਕਲ ਦੇਖਭਾਲ ਦੇ ਖ਼ਰਚਿਆਂ ਲਈ ਕੋਈ ਯੋਗਦਾਨ ਨਹੀਂ ਦੇਣਾ ਪਵੇਗਾ।
- ਤੁਹਾਡੀ ਆਤਮ-ਨਿਰਭਰਤਾ ਦਾ ਸਮਰਥਨ ਕਰਨ ਵਾਲੀਆਂ ਸੇਵਾਵਾਂ ਲਈ ਯੋਗਦਾਨ ਲਾਗੂ ਹੋ ਸਕਦਾ ਹੈ, ਜਿਵੇਂ ਕਿ ਨਿੱਜੀ ਦੇਖਭਾਲ। ਇਹ ਸੇਵਾਵਾਂ ਲੋਕਾਂ ਨੂੰ ਹਸਪਤਾਲ ਜਾਂ ਬਿਰਧ ਦੇਖਭਾਲ ਘਰ ਵਿੱਚ ਜਾਣ ਤੋਂ ਬਚਾਉਣ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾ ਸਕਦੀਆਂ ਹਨ।

ਰੋਜ਼ਮਰ੍ਹਾ ਜੀਵਨ ਦੀਆਂ ਸੇਵਾਵਾਂ, ਜਿਵੇਂ ਕਿ ਸਾਫ਼-ਸਫ਼ਾਈ ਅਤੇ ਬਾਗਬਾਨੀ ਲਈ ਸਭ ਤੋਂ ਵੱਧ ਯੋਗਦਾਨ ਦਰਾਂ ਲਾਗੂ ਹੋਣਗੀਆਂ।

## 1 ਨਵੰਬਰ 2025 ਤੋਂ ਲਾਗੂ ਮਿਆਰੀ ਭਾਗੀਦਾਰ ਯੋਗਦਾਨ ਦੀਆਂ ਦਰਾਂ

| Age Pension ਦੀ ਸਥਿਤੀ | ਕਲੀਨਿਕਲ ਦੇਖਭਾਲ | ਆਤਮ-ਨਿਰਭਰਤਾ ਸੇਵਾਵਾਂ | ਰੋਜ਼ਮਰ੍ਹਾ ਜੀਵਨ ਦੀਆਂ ਸੇਵਾਵਾਂ |
|---|---|---|---|
| **ਪੂਰੀ ਪੈਨਸ਼ਨ ਲੈਣ ਵਾਲਾ** | 0% | 5% | 17.5% |
| **ਅੰਸ਼ਕ ਪੈਨਸ਼ਨ ਲੈਣ ਵਾਲਾ ਅਤੇ Commonwealth Seniors Health Card ਲਈ ਯੋਗ ਹੋਣ ਵਾਲਾ** | 0% | ਆਮਦਨੀ ਅਤੇ ਸੰਪਤੀਆਂ ਦੇ ਆਧਾਰ 'ਤੇ 5% ਅਤੇ 50% ਦੇ ਵਿਚਕਾਰ | ਆਮਦਨੀ ਅਤੇ ਸੰਪਤੀਆਂ ਦੇ ਆਧਾਰ 'ਤੇ 17.5% ਅਤੇ 80% ਦੇ ਵਿਚਕਾਰ |
| **ਆਪਣੇ ਪੈਸੇ ਨਾਲ ਸੇਵਾ-ਮੁਕਤ ਹੋਣ ਵਾਲਾ ਵਿਅਕਤੀ** | 0% | 50% | 80% |

# ਬਿਰਧ ਦੇਖਭਾਲ ਪ੍ਰਣਾਲੀ ਵਿੱਚ ਬਜ਼ੁਰਗਾਂ ਲਈ ਕੋਈ ‘no worse off principle’ ਹੋਵੇਗਾ

ਜੇਕਰ ਤੁਸੀਂ ਪਹਿਲਾਂ ਹੀ Home Care Package ਪ੍ਰਾਪਤ ਕਰ ਰਹੇ ਸੀ, National Priority System [ਰਾਸ਼ਟਰੀ ਤਰਜੀਹੀ ਪ੍ਰਣਾਲੀ] ‘ਤੇ ਸੀ ਜਾਂ 12 ਸਤੰਬਰ 2024 ਨੂੰ ਜਾਂ ਇਸ ਤੋਂ ਪਹਿਲਾਂ ਕਿਸੇ ਪੈਕੇਜ ਲਈ ਯੋਗ ਹੋਣ ਵਜੋਂ ਮੰਨੇ ਮੁਲਾਂਕਣ ਕੀਤਾ ਗਿਆ ਸੀ, ਤਾਂ Support at Home ਹੇਠ ਤੁਹਾਡੀ ਸਥਿਤੀ ਪਹਿਲਾਂ ਨਾਲੋਂ ਮਾੜੀ ਨਹੀਂ ਹੋਵੇਗੀ।

ਤੁਸੀਂ Home Care Packages ਪ੍ਰੋਗਰਾਮ ਦੇ ਤਹਿਤ ਜਿੰਨ੍ਹਾਂ ਭੁਗਤਾਨ ਕਰਨ ਲਈ ਜ਼ਿੰਮੇਵਾਰ ਸੀ, ਤੁਸੀਂ ਉਹੀ ਜਾਂ ਉਸ ਤੋਂ ਘੱਟ ਯੋਗਦਾਨ ਦੇਵੋਗੇ।

ਜੇਕਰ ਤੁਸੀਂ ਰਹਾਇਸ਼ੀ ਦੇਖਭਾਲ ਵਿੱਚ ਜਾਣ ਦੀ ਚੋਣ ਕਰਦੇ ਹੋ, ਤਾਂ ਤੁਹਾਨੂੰ 1 ਜੁਲਾਈ 2014 ਦੀ ਫ਼ੀਸ ਪ੍ਰਣਾਲੀ ਦੇ ਅਧੀਨ ਆਮਦਨੀ ਅਤੇ ਸੰਪਤੀ ਜਾਂਚ ਕੀਤੇ ਹੋਏ ਯੋਗਦਾਨ ਦੇਣੇ ਜਾਰੀ ਰੱਖਣੇ ਪੈਣਗੇ। ਪਰੰਤੂ, ਜੇਕਰ ਤੁਸੀਂ 1 ਨਵੰਬਰ 2025 ਜਾਂ ਇਸ ਤੋਂ ਬਾਅਦ ਰਿਹਾਇਸ਼ੀ ਦੇਖਭਾਲ ਵਿੱਚ ਜਾਂਦੇ ਹੋ, ਤਾਂ ਤੁਹਾਡੇ ‘ਤੇ ਨਵੇਂ ਰਿਹਾਇਸ਼ੀ ਕੀਮਤ ਪ੍ਰਬੰਧ (RAD/RAC ਰਿਟੈਨਸ਼ਨ ਅਤੇ DAP ਇੰਡੈਕਸੇਸ਼ਨ) ਲਾਗੂ ਹੋਣਗੇ।

## 'No worse off principle' ਅਨੁਸਾਰ ਯੋਗਦਾਨ ਦੀਆਂ ਦਰਾਂ

| Age Pension ਦੀ ਸਥਿਤੀ | ਕਲੀਨਿਕਲ ਸਹਾਇਤਾ | ਆਤਮ-ਨਿਰਭਰਤਾ ਸੇਵਾਵਾਂ | ਰੋਜ਼ਮਰ੍ਹਾ ਜੀਵਨ ਦੀਆਂ ਸੇਵਾਵਾਂ |
|---|---|---|---|
| **ਪੂਰੀ ਪੈਨਸ਼ਨ ਲੈਣ ਵਾਲਾ** | 0% | 0% | 0% |
| **ਅੰਸ਼ਕ ਪੈਨਸ਼ਨ ਲੈਣ ਵਾਲਾ ਅਤੇ Commonwealth Seniors Health Card ਲਈ ਯੋਗ ਹੋਣ ਵਾਲਾ** | 0% | ਆਮਦਨੀ ਦੇ ਆਧਾਰ 'ਤੇ 0% ਅਤੇ 25% ਦੇ ਵਿਚਕਾਰ | ਆਮਦਨੀ ਦੇ ਆਧਾਰ 'ਤੇ 0% ਅਤੇ 25% ਦੇ ਵਿਚਕਾਰ |
| **ਆਪਣੇ ਪੈਸੇ ਨਾਲ ਸੇਵਾ-ਮੁਕਤ ਹੋਣ ਵਾਲਾ ਵਿਅਕਤੀ** | 0% | 25% | 25% |

**health.gov.au/support-at-home-case-studies**

# ਜੀਵਨਭਰ ਵਿੱਚ ਵੱਧ ਤੋਂ ਵੱਧ ਯੋਗਦਾਨ ਦੀ ਹੱਦ

ਯੋਗਦਾਨ ਪਾਉਣ ਦੀ ਰਕਮ ਉੱਤੇ ਇੱਕ ਜੀਵਨਭਰ ਵਿੱਚ ਵੱਧ ਤੋਂ ਵੱਧ ਯੋਗਦਾਨ ਦੀ ਹੱਦ ਲਾਗੂ ਹੁੰਦੀ ਹੈ। ਜਦੋਂ ਤੁਸੀਂ ਯੋਗਦਾਨ ਪਾਉਣ ਦੀ ਵੱਧ ਤੋਂ ਵੱਧ ਹੱਦ 'ਤੇ ਪਹੁੰਚ ਜਾਂਦੇ ਹੋ, ਤਾਂ ਤੁਹਾਡੇ ਵੱਲੋਂ ਪ੍ਰਾਪਤ ਕੀਤੀਆਂ ਸੇਵਾਵਾਂ ਲਈ ਹੋਰ ਕੋਈ ਖ਼ਰਚਾ ਨਹੀਂ ਲਿਆ ਜਾਵੇਗਾ। ਇਹ ਵੱਧ ਤੋਂ ਵੱਧ ਯੋਗਦਾਨ ਦੀ ਹੱਦ ਵਾਲੀ ਰਕਮ, ਹਰ ਸਾਲ ਮਹਿੰਗਾਈ ਦੀ ਦਰ ਦੇ ਅਨੁਸਾਰ ਵਧਾਈ ਜਾਵੇਗੀ।

ਜੇਕਰ ਤੁਹਾਨੂੰ 12 ਸਤੰਬਰ 2024 ਤੱਕ ਕੀਤੇ ਗਏ ਮੁਲਾਂਕਣ ਵਿੱਚ ਇਹ ਨਿਰਧਾਰਤ ਕੀਤਾ ਗਿਆ ਸੀ ਕਿ ਤੁਹਾਨੂੰ ਆਪਣੇ Home Care Package ਲਈ ਫ਼ੀਸ ਨਹੀਂ ਦੇਣੀ ਪਵੇਗੀ, ਤਾਂ ਤੁਹਾਡੀ Home Care Package ਦੀ ਜੀਵਨਭਰ ਵਿੱਚ ਵੱਧ ਤੋਂ ਵੱਧ ਯੋਗਦਾਨ ਪਾਉਣ ਦੀ ਹੱਦ ਵੀ ਓਹੀ ਪਹਿਲਾਂ ਵਾਲੀ ਰਹੇਗੀ।

# ਵਿੱਤੀ ਤੰਗੀ ਸਹਾਇਤਾ

ਜੇਕਰ ਤੁਸੀਂ ਆਪਣੀਆਂ ਫ਼ੀਸਾਂ ਜਾਂ ਦੇਖਭਾਲ ਦੇ ਖ਼ਰਚਿਆ ਵਿੱਚ ਯੋਗਦਾਨ ਪਾਉਣ ਦੀ ਸਮਰੱਥਾ ਨਹੀਂ ਰੱਖਦੇ ਹੋ, ਤਾਂ ਤੁਹਾਡੇ ਲਈ ਵਿੱਤੀ ਤੰਗੀ ਸਹਾਇਤਾ ਉਪਲਬਧ ਹੈ।

ਵਿੱਤੀ ਤੰਗੀ ਸਹਾਇਤਾ ਲਈ ਅਰਜ਼ੀ ਦੇਣ ਲਈ, ਇੱਥੇ ਫਾਰਮ ਭਰੋ:
**www.servicesaustralia.gov.au/sa462**.

ਇਹ ਫਾਰਮ ਅਤੇ ਆਪਣੇ ਦਾਅਵੇ ਦਾ ਸਮਰਥਨ ਕਰਨ ਵਾਲੇ ਸਬੂਤ, ਜਿਸ ਵਿੱਚ ਪਿਛਲੇ 3 ਮਹੀਨਿਆਂ ਦੇ ਤੁਹਾਡੇ ਖ਼ਰਚਿਆਂ ਦੇ ਸਬੂਤ ਵੀ ਸ਼ਾਮਲ ਹੋਣ, ਇਸ ਪਤੇ 'ਤੇ ਭੇਜੋ: **www.servicesaustralia.gov.au/financial-hardship-assistance-eligibility-for-aged-care-cost-care?context=23296**, ਉਹ 28 ਦਿਨਾਂ ਦੇ ਅੰਦਰ ਤੁਹਾਡੀ ਅਰਜ਼ੀ ਦਾ ਮੁਲਾਂਕਣ ਕਰਨਗੇ। ਉਹ ਤੁਹਾਨੂੰ ਲਿਖਤੀ ਰੂਪ ਵਿੱਚ ਆਪਣਾ ਫ਼ੈਸਲੇ ਬਾਰੇ ਅਤੇ ਉਸ ਸਹਾਇਤਾ ਬਾਰੇ ਦੱਸਣਗੇ, ਜਿਸ ਲਈ ਤੁਸੀਂ ਯੋਗ ਹੋ। ਜੇਕਰ ਉਹਨਾਂ ਨੂੰ ਤੁਹਾਡੇ ਦਾਅਵੇ ਦਾ ਮੁਲਾਂਕਣ ਕਰਨ ਲਈ ਹੋਰ ਜਾਣਕਾਰੀ ਦੀ ਲੋੜ ਹੈ, ਤਾਂ ਉਹ ਇਸ ਬਾਰੇ ਪੁੱਛਣ ਲਈ ਤੁਹਾਡੇ ਨਾਲ ਸੰਪਰਕ ਕਰਨਗੇ।

My Aged Care ਕੋਲ
**www.myagedcare.gov.au/financial-support-and-advice**
ਹੋਰ ਜਾਣਕਾਰੀ ਉਪਲਬਧ ਹੈ, ਜੋ ਤੁਹਾਨੂੰ ਬਿਰਧ ਦੇਖਭਾਲ ਲਈ ਆਪਣੇ ਵਿੱਤੀ ਪ੍ਰਬੰਧ ਦੀ ਯੋਜਨਾ ਬਣਾਉਣ ਵਿੱਚ ਮੱਦਦ ਕਰੇਗੀ।

# Support at Home ਪ੍ਰੋਗਰਾਮ ਵਿੱਚ ਕਿਵੇਂ ਸ਼ਾਮਲ ਹੋਣਾ ਹੈ?

## ਅਸੀਂ Single Assessment System [ਕੇਵਲ ਇੱਕੋ ਵਾਰ ਮੁਲਾਂਕਣ ਕਰਨ ਦੀ ਪ੍ਰਣਾਲੀ] ਬਣਾਈ ਹੈ ਤਾਂ ਜੋ ਬਜ਼ੁਰਗ ਲੋਕਾਂ ਲਈ ਆਪਣੀਆਂ ਬਦਲਦੀਆਂ ਲੋੜਾਂ ਮੁਤਾਬਕ ਬਿਰਧ ਦੇਖਭਾਲ ਸੇਵਾਵਾਂ ਤੱਕ ਪਹੁੰਚ ਕਰਨਾ ਆਸਾਨ ਹੋ ਜਾਵੇ।

ਜੇਕਰ ਤੁਸੀਂ ਪਹਿਲਾਂ ਹੀ My Aged Care ਰਾਹੀਂ ਸੇਵਾਵਾਂ ਨਹੀਂ ਲੈ ਰਹੇ, ਤਾਂ ਪਹਿਲਾ ਕਦਮ ਮੁਲਾਂਕਣ ਲਈ ਆਪਣੀ ਯੋਗਤਾ ਦੀ ਜਾਂਚ ਕਰਨੀ ਹੈ। ਇਹ ਤੁਸੀਂ **My Aged Care** ਦੀ ਵੈੱਬਸਾਈਟ 'ਤੇ ਔਨਲਾਈਨ ਜਾਂ **1800 200 422** 'ਤੇ ਕਾਲ ਕਰਕੇ ਕਰ ਸਕਦੇ ਹੋ।

ਜੇਕਰ ਤੁਹਾਡੀ ਅਰਜ਼ੀ ਸਫ਼ਲ ਰਹਿੰਦੀ ਹੈ, ਤਾਂ ਤੁਹਾਨੂੰ ਮੁਲਾਂਕਣ ਲਈ ਭੇਜਿਆ ਜਾਵੇਗਾ। ਮੁਲਾਂਕਣ ਤੁਹਾਡੇ ਘਰ ਵਿੱਚ, ਵਿਅਕਤੀਗਤ ਤੌਰ 'ਤੇ ਮਿਲ ਕੇ ਕੀਤਾ ਜਾਂਦਾ ਹੈ।

ਜਦੋਂ ਤੁਹਾਡਾ Support at Home ਪ੍ਰੋਗਰਾਮ ਲਈ ਯੋਗ ਵਜੋਂ ਮੁਲਾਂਕਣ ਕੀਤਾ ਜਾਂਦਾ ਹੈ, ਤਾਂ ਤੁਹਾਨੂੰ Notice of Decision [ਇੱਕ ਫ਼ੈਸਲੇ ਦਾ ਨੋਟਿਸ] ਪੱਤਰ ਅਤੇ ਇੱਕ ਵਿਅਕਤੀਗਤ ਸਹਾਇਤਾ ਯੋਜਨਾ ਮਿਲੇਗੀ, ਜਿਸਨੂੰ ਤੁਸੀਂ ਆਪਣੇ ਪ੍ਰਦਾਤਾ ਨਾਲ ਸਾਂਝਾ ਕਰ ਸਕਦੇ ਹੋ। ਇਸ ਵਿੱਚ ਸ਼ਾਮਲ ਹੋਵੇਗਾ:

- ਤੁਹਾਡੀਆਂ ਬਿਰਧ ਦੇਖਭਾਲ ਲੋੜਾਂ ਅਤੇ ਟੀਚਿਆਂ ਦਾ ਸਾਰ
- ਇੱਕ ਵਰਗੀਕਰਨ, ਜਿਸ ਨਾਲ ਇੱਕ ਨਿਰਧਾਰਤ ਤਿਮਾਹੀ ਬਜਟ ਅਤੇ ਤੁਹਾਡੀਆਂ ਮੰਨਜ਼ੂਰ ਕੀਤੀਆਂ ਸੇਵਾਵਾਂ ਦੀ ਸੂਚੀ ਹੋਵੇਗੀ; ਅਤੇ/ਜਾਂ
- ਥੋੜ੍ਹੇ ਸਮੇਂ ਦੀ ਸਹਾਇਤਾ ਲਈ ਮੰਨਜ਼ੂਰੀ, ਜਿਸ ਵਿੱਚ ਹੇਠ ਲਿਖਿਆ ਲਈ ਫੰਡਿੰਗ ਸ਼ਾਮਲ ਹੋ ਸਕਦੀ ਹੈ:
  - ਸਹਾਇਕ ਤਕਨਾਲੋਜੀ
  - ਘਰ ਵਿੱਚ ਸੋਧਾਂ
  - Restorative Care Pathway
  - End-of-Life Pathway।

MyAgedCare.gov.au/assessment

# Home Care Packages ਪ੍ਰੋਗਰਾਮ ਨੂੰ ਛੱਡਣਾ

ਜੇਕਰ ਤੁਸੀਂ ਪਹਿਲਾਂ ਹੀ Home Care Packages ਪ੍ਰੋਗਰਾਮ ਰਾਹੀਂ ਸੇਵਾਵਾਂ ਲੈ ਰਹੇ ਹੋ, ਤਾਂ ਤੁਸੀਂ 1 ਨਵੰਬਰ ਨੂੰ Support at Home ਵਿੱਚ ਚਲੇ ਜਾਓਗੇ ਅਤੇ Support at Home ਸੇਵਾ ਸੂਚੀ ਵਿੱਚੋਂ ਸੇਵਾਵਾਂ ਲੈਣ ਲਈ ਤੁਹਾਨੂੰ ਉਹੀ ਪਹਿਲਾਂ ਵਾਲੀ ਫੰਡਿੰਗ ਮਿਲਦੀ ਰਹੇਗੀ।

ਜੇਕਰ ਤੁਸੀਂ National Priority System ਵਿੱਚ Home Care Package ਲਈ ਉਡੀਕ ਸੂਚੀ 'ਤੇ ਹੋ, ਤਾਂ ਜਦੋਂ ਕੋਈ ਥਾਂ ਖ਼ਾਲੀ ਹੋਵੇਗੀ, ਤੁਹਾਨੂੰ ਆਪਣੇ ਆਪ Support at Home ਦਾ ਵਰਗੀਕਰਨ ਮਿਲ ਜਾਵੇਗਾ। ਜਦੋਂ ਤੱਕ ਤੁਹਾਡੀਆਂ ਲੋੜਾਂ ਨਹੀਂ ਬਦਲਦੀਆਂ, ਤੁਹਾਨੂੰ ਨਵੇਂ ਮੁਲਾਂਕਣ ਦੀ ਲੋੜ ਨਹੀਂ ਪਵੇਗੀ।

**health.gov.au/accessing-support-at-home**

# ਘਰ ਵਿੱਚ ਬਿਰਧ ਦੇਖਭਾਲ ਪ੍ਰਾਪਤ ਕਰਨ ਵਾਲੇ ਬਜ਼ੁਰਗਾਂ ਲਈ ਤਬਦੀਲੀਆਂ

ਜੇਕਰ ਤੁਸੀਂ ਪਹਿਲਾਂ ਹੀ Home Care Package ਰਾਹੀਂ ਘਰੇਲੂ ਸਹਾਇਤਾ ਪ੍ਰਾਪਤ ਕਰ ਰਹੇ ਹੋ, ਤਾਂ ਤੁਸੀਂ 1 ਨਵੰਬਰ 2025 ਨੂੰ Support at Home ਵਿੱਚ ਚਲੇ ਜਾਓਗੇ। ਤੁਹਾਡਾ Support at Home ਬਜਟ ਤੁਹਾਡੇ ਮੌਜੂਦਾ Home Care Package ਦੇ ਫੰਡਿੰਗ ਪੱਧਰ ਦੇ ਬਰਾਬਰ ਹੋਵੇਗਾ।

Support at Home ਤਹਿਤ ਤੁਹਾਡੀਆਂ ਸੇਵਾਵਾਂ ਦੀਆਂ ਕੀਮਤਾਂ ਬਦਲ ਸਕਦੀਆਂ ਹਨ। ਸਰਕਾਰ ਨੇ ਇਹ ਯਕੀਨੀ ਬਣਾਉਣ ਲਈ ਸੁਰੱਖਿਆ ਨਿਯਮ ਲਾਗੂ ਕੀਤੇ ਹਨ ਕਿ ਉਹ ਕੀਮਤਾਂ ਵਾਜਬ ਅਤੇ ਪਾਰਦਰਸ਼ੀ ਹੋਣ।

ਜੇਕਰ ਤੁਹਾਡੇ ਕੋਲ ਆਪਣੇ Home Care Package ਵਿੱਚੋਂ ਕੋਈ ਬਚੇ ਹੋਏ ਫ਼ੰਡ ਹਨ, ਤਾਂ ਇਹ Support at Home ਸੇਵਾਵਾਂ ਲਈ ਵਰਤੇ ਜਾ ਸਕਦੇ ਹਨ।

ਜੇਕਰ ਤੁਹਾਡੀਆਂ ਲੋੜਾਂ ਵਿੱਚ ਤਬਦੀਲੀ ਆਉਂਦੀ ਹੈ, ਤਾਂ ਤੁਹਾਡਾ Support at Home ਪ੍ਰੋਗਰਾਮ ਵਿੱਚ ਮੁੜ ਮੁਲਾਂਕਣ ਕੀਤਾ ਜਾ ਸਕਦਾ ਹੈ।

Department of Health, Disability and Ageing [ਸਿਹਤ, ਅਪੰਗਤਾ ਅਤੇ ਬੁਢਾਪਾ ਵਿਭਾਗ] ਪ੍ਰਦਾਤਾਵਾਂ ਨਾਲ ਮਿਲ ਕੇ ਕੰਮ ਕਰ ਰਿਹਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹ Support at Home ਵਿੱਚ ਜਾਣ ਲਈ ਪੂਰੀ ਤਰ੍ਹਾਂ ਤਿਆਰ ਹਨ ਅਤੇ ਤੁਹਾਡੀ ਦੇਖਭਾਲ 'ਤੇ ਪੈਣ ਵਾਲੇ ਹਰ ਪ੍ਰਭਾਵ ਨੂੰ ਘਟਾਇਆ ਜਾ ਸਕੇ।

ਤੁਹਾਡਾ ਪ੍ਰਦਾਤਾ, ਘਰ ਵਿੱਚ ਮਿਲਣ ਵਾਲੀਆਂ ਦੇਖਭਾਲ ਸੇਵਾਵਾਂ ਦੇ ਪ੍ਰਬੰਧਾਂ ਵਿੱਚ ਕਿਸੇ ਵੀ ਤਬਦੀਲੀ ਤੋਂ ਪਹਿਲਾਂ, ਤੁਹਾਡੇ ਨਾਲ ਸਿੱਧੀ ਗੱਲਬਾਤ ਕਰੇਗਾ।

**MyAgedCare.gov.au/support-at-home-consumer-protections**

# ਬਿਰਧ ਦੇਖਭਾਲ ਸੇਵਾ ਲੈਣੀ ਸ਼ੁਰੂ ਕਰਨਾ

## My Aged Care

ਜੇਕਰ ਤੁਹਾਨੂੰ ਘਰ ਵਿੱਚ ਕੰਮਾਂ-ਕਾਰਾਂ ਲਈ ਮੱਦਦ ਦੀ ਲੋੜ ਹੈ ਜਾਂ ਤੁਸੀਂ ਬਿਰਧ ਦੇਖਭਾਲ ਘਰਾਂ ਬਾਰੇ ਸੋਚ ਰਹੇ ਹੋ, ਤਾਂ My Aged Care ਨਾਲ ਸੰਪਰਕ ਕਰਨਾ ਪਹਿਲਾ ਕਦਮ ਹੈ।

My Aged Care ਤੁਹਾਨੂੰ ਇਨ੍ਹਾਂ ਬਾਰੇ ਜਾਣਕਾਰੀ ਦਿੰਦਾ ਹੈ:

- ਉਪਲਬਧ ਬਿਰਧ ਦੇਖਭਾਲ ਸੇਵਾਵਾਂ ਦੀਆਂ ਕਿਸਮਾਂ ਬਾਰੇ
- ਤੁਹਾਡੀਆਂ ਲੋੜਾਂ ਦਾ ਮੁਲਾਂਕਣ ਕਰਵਾਉਣ ਬਾਰੇ, ਤਾਂ ਜੋ ਇਹ ਪਤਾ ਲੱਗ ਸਕੇ ਕਿ ਕੀ ਤੁਸੀਂ ਸਰਕਾਰ ਦੁਆਰਾ ਫ਼ੰਡ ਪ੍ਰਾਪਤ ਬਿਰਧ ਦੇਖਭਾਲ ਲਈ ਯੋਗ ਹੋ
- ਉਹ ਸੇਵਾ ਪ੍ਰਦਾਤਾਵਾਂ ਲੱਭਣ ਲਈ ਰੈਫ਼ਰਲ ਅਤੇ ਸਹਾਇਤਾ, ਜੋ ਤੁਹਾਡੀਆਂ ਲੋੜਾਂ ਨੂੰ ਪੂਰਾ ਕਰ ਸਕਣ
- ਆਪਣੀ ਦੇਖਭਾਲ ਦੇ ਖ਼ਰਚੇ ਵਿੱਚ ਤੁਹਾਨੂੰ ਕਿੰਨਾ ਯੋਗਦਾਨ ਕਰਨ ਦੀ ਲੋੜ ਹੋ ਸਕਦੀ ਹੈ।

My Aged Care ਨਾਲ **1800 200 422** 'ਤੇ ਸੰਪਰਕ ਕਰੋ

**MyAgedCare.gov.au**

## Aged Care Specialist Officer ਨਾਲ ਗੱਲਬਾਤ ਕਰੋ

ਕਈ ਵਾਰ ਕਿਸੇ ਨਾਲ ਵਿਅਕਤੀਗਤ ਤੌਰ 'ਤੇ ਸਾਹਮਣੇ ਬੈਠ ਕੇ ਗੱਲ ਕਰਨਾ ਆਸਾਨ ਹੁੰਦਾ ਹੈ। Services Australia ਦੇ ਸੇਵਾ ਕੇਂਦਰਾਂ ਦਾ ਸਟਾਫ਼ ਤੁਹਾਨੂੰ My Aged Care ਸੇਵਾਵਾਂ ਬਾਰੇ ਆਮ ਜਾਣਕਾਰੀ ਦੇ ਸਕਦਾ ਹੈ। Aged Care Specialist Officer (ACSO) [ਬਿਰਧ ਦੇਖਭਾਲ ਸਪੈਸ਼ਲਿਸਟ ਅਫ਼ਸਰ] ਤੁਹਾਨੂੰ ਤੁਹਾਡੀਆਂ ਬਿਰਧ ਦੇਖਭਾਲ ਦੀਆਂ ਲੋੜਾਂ ਦੇ ਮਾਮਲਿਆਂ ਬਾਰੇ ਵਧੇਰੇ ਵਿਸਥਾਰ ਵਿੱਚ ਤੁਹਾਡੀ ਮੱਦਦ ਕਰ ਸਕਦਾ ਹੈ।

ਇੱਕ ACSO ਇਨ੍ਹਾਂ ਰਾਹੀਂ ਤੁਹਾਡੀ ਮੱਦਦ ਕਰ ਸਕਦਾ ਹੈ:

- ਵੱਖ-ਵੱਖ ਕਿਸਮਾਂ ਦੀਆਂ ਬਿਰਧ ਦੇਖਭਾਲ ਸੇਵਾਵਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਪ੍ਰਦਾਨ ਕਰਕੇ
- ਇਹ ਜਾਂਚ ਕੇ ਕਿ ਕੀ ਤੁਸੀਂ ਸਰਕਾਰੀ ਫੰਡ ਪ੍ਰਾਪਤ ਸੇਵਾਵਾਂ ਲਈ ਯੋਗ ਹੋ, ਅਤੇ ਤੁਹਾਡੀ ਰਜਿਸਟਰ ਕਰਨ ਵਿੱਚ ਅਤੇ ਬਿਰਧ ਦੇਖਭਾਲ ਮੁਲਾਂਕਣ ਲਈ ਰੈਫ਼ਰਲ ਕਰਨ ਵਿੱਚ ਮੱਦਦ ਕਰਕੇ
- ਸਹਾਇਤਾ ਸੰਬੰਧਾਂ ਦੀ ਰਜਿਸਟ੍ਰੇਸ਼ਨ ਕਰਨ ਵਿੱਚ ਮੱਦਦ ਕਰਕੇ
- ਬਿਰਧ ਦੇਖਭਾਲ ਸੇਵਾਵਾਂ ਬਾਰੇ ਵਿੱਤੀ ਜਾਣਕਾਰੀ ਪ੍ਰਦਾਨ ਕਰਕੇ
- ਤੁਹਾਨੂੰ ਸਥਾਨਕ ਸਹਾਇਤਾ ਸੇਵਾਵਾਂ ਨਾਲ ਜੋੜ ਕੇ

ACSO ਨਾਲ ਇੱਕ ਮੁਫ਼ਤ ਨਿੱਜੀ ਮੁਲਾਕਾਤ ਬੁੱਕ ਕਰੋ:

- **1800 227 475** 'ਤੇ ਕਾਲ ਕਰੋ
- Services Australia ਦੇ ਕੁੱਝ ਸੇਵਾ ਕੇਂਦਰਾਂ ਵਿੱਚ ਵਿਅਕਤੀਗਤ ਤੌਰ 'ਤੇ (ਲਿੰਕ ਹੇਠਾਂ ਦਿੱਤੇ ਪਤੇ 'ਤੇ ਵੇਖੋ)
- ਜੇਕਰ ਤੁਹਾਡੇ ਕੋਲ myGov ਖਾਤਾ ਹੈ ਤਾਂ ਵੀਡੀਓ ਚੈਟ ਰਾਹੀਂ।

**ServicesAustralia.gov.au/aged-care-specialist-officer-my-aged-care-face-to-face-services**

## Care finder ਅਤੇ Elder ਸਪੋਰਟ ਤੋਂ ਮੱਦਦ

Care finders [ਕੇਅਰ ਫਾਈਂਡਰਜ਼] ਉਹਨਾਂ ਬਜ਼ੁਰਗਾਂ ਦੀ ਮੱਦਦ ਕਰ ਸਕਦੇ ਹਨ, ਜਿਨ੍ਹਾਂ ਨੂੰ ਬਿਰਧ ਦੇਖਭਾਲ ਸੇਵਾਵਾਂ ਅਤੇ ਭਾਈਚਾਰੇ ਵਿੱਚ ਹੋਰ ਸਹਾਇਤਾਵਾਂ ਤੱਕ ਪਹੁੰਚ ਕਰਨ ਲਈ ਬਹੁਤ ਜ਼ਿਆਦਾ ਸਹਾਇਤਾ ਦੀ ਲੋੜ ਹੁੰਦੀ ਹੈ। ਇਹ ਇੱਕ ਮੁਫ਼ਤ ਸੇਵਾ ਹੈ, ਜੋ ਉਹਨਾਂ ਜ਼ੋਖਮ ਗ੍ਰਸਤ ਲੋਕਾਂ ਲਈ ਹੈ ਜਿਨ੍ਹਾਂ ਕੋਲ ਉਹਨਾਂ ਦੀ ਸਹਾਇਤਾ ਕਰਨ ਲਈ ਕੋਈ ਹੋਰ ਨਹੀਂ ਹੈ। ਆਪਣੇ ਇਲਾਕੇ ਵਿੱਚ care finders ਦੀ ਸੂਚੀ ਵੇਖਣ ਲਈ My Aged Care ਵੈੱਬਸਾਈਟ 'ਤੇ ਜਾਓ:

**MyAgedCare.gov.au/help-care-finder**

Elder Care Support [ਐਲਡਰ ਕੇਅਰ ਸਪੋਰਟ] ਵੱਡੀ ਉਮਰ ਦੇ ਅਬੌਰਿਜ਼ਨਲ ਅਤੇ ਟੋਰਸ ਸਟ੍ਰੇਟ ਆਈਲੈਂਡਰ ਲੋਕਾਂ, ਉਨ੍ਹਾਂ ਦੇ ਪਰਿਵਾਰਾਂ ਅਤੇ ਦੇਖਭਾਲ ਕਰਨ ਵਾਲਿਆਂ ਨੂੰ ਬਿਰਧ ਦੇਖਭਾਲ ਸੇਵਾਵਾਂ ਤੱਕ ਪਹੁੰਚ ਕਰਨ ਵਿੱਚ ਮੱਦਦ ਕਰਦੀ ਹੈ ਤਾਂ ਜੋ ਉਨ੍ਹਾਂ ਦੀਆਂ ਸਰੀਰਕ ਅਤੇ ਸੱਭਿਆਚਾਰਕ ਲੋੜਾਂ ਪੂਰੀਆਂ ਕੀਤੀਆਂ ਜਾ ਸਕਣ। National Aboriginal Community Controlled Health Organisation ਇਸ ਪ੍ਰੋਗਰਾਮ ਨੂੰ ਆਪਣੀਆਂ ਭਾਗੀਦਾਰ ਸੰਸਥਾਵਾਂ ਰਾਹੀਂ ਚਲਾਉਂਦੀ ਹੈ।

**health.gov.au/our-work/elder-care-support**

## ਐਡਵੋਕੇਸੀ ਸਹਾਇਤਾ

ਜੇਕਰ ਤੁਹਾਡੇ ਕੋਲ Support at Home ਸਮੇਤ ਆਪਣੀ ਬਿਰਧ ਦੇਖਭਾਲ ਬਾਰੇ ਕੋਈ ਸਵਾਲ ਜਾਂ ਚਿੰਤਾਵਾਂ ਹਨ, ਤਾਂ ਤੁਸੀਂ Aged Care Advocacy Line [ਏਜਡ ਕੇਅਰ ਐਡਵੋਕੇਸੀ ਲਾਈਨ] 'ਤੇ ਫ਼ੋਨ ਕਰਕੇ ਕਿਸੇ ਏਜਡ ਕੇਅਰ ਐਡਵੋਕੇਟ ਨਾਲ ਗੱਲ ਕਰ ਸਕਦੇ ਹੋ।

**1800 700 600** 'ਤੇ ਕਾਲ ਕਰੋ

ਇਹ ਸੇਵਾ Older Persons Advocacy Network (OPAN) ਵੱਲੋਂ ਪ੍ਰਦਾਨ ਕੀਤੀ ਜਾਂਦੀ ਹੈ, ਇਹ ਇੱਕ ਮੁਫ਼ਤ ਅਤੇ ਗੁਪਤ ਸੇਵਾ ਹੈ ਜੋ ਸਰਕਾਰ ਜਾਂ ਬਿਰਧ ਦੇਖਭਾਲ ਪ੍ਰਦਾਤਿਆਂ ਦੋਵਾਂ ਤੋਂ ਨਿਰਪੱਖ ਹੈ। OPAN ਤੁਹਾਨੂੰ ਤੁਹਾਡੇ ਰਾਜ ਜਾਂ ਕੇਂਦਰੀ ਪ੍ਰਦੇਸ਼ ਵਿੱਚ ਮੌਜੂਦ ਇੱਕ ਸਥਾਨਕ ਐਡਵੋਕੇਟ ਨਾਲ ਜੋੜੇਗਾ। OPAN ਤੋਂ ਨਿਯਮਤ ਨਿਊਜ਼ਲੈਟਰ ਪ੍ਰਾਪਤ ਕਰਨ ਲਈ ਸਾਈਨ ਅੱਪ ਕਰੋ।

**opan.org.au**

National Aboriginal and Torres Strait Islander Ageing and Aged Care Council (NATSIAACC) ਇਹ ਯਕੀਨੀ ਬਣਾਉਣ ਲਈ ਕੰਮ ਕਰਦੀ ਹੈ ਕਿ ਬਜ਼ੁਰਗ ਉਹ ਸਹਾਇਤਾ ਅਤੇ ਦੇਖਭਾਲ ਪ੍ਰਾਪਤ ਕਰ ਸਕਣ ਜੋ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ, ਸਦਮੇ-ਪ੍ਰਤੀ-ਸੁਚੇਤ ਅਤੇ ਸਿਹਤਯਾਬੀ-ਕੇਂਦਰਿਤ ਹੋਵੇ, ਅਤੇ ਉਹਨਾਂ ਦੇ ਆਪਣੇ ਭਾਈਚਾਰੇ ਅਤੇ ਧਰਤੀ ਨਾਲ ਨਿੱਜੀ ਸੰਬੰਧਾਂ ਦੀ ਮਹੱਤਤਾ ਨੂੰ ਮਾਨਤਾ ਦਿੱਤੀ ਜਾਵੇ।

**natsiaacc.org.au**

ਕਿਸੇ ਸ਼ਿਕਾਇਤ ਜਾਂ ਘਟਨਾ ਦੀ ਰਿਪੋਰਟ ਕਰਨ ਲਈ Aged Care Quality and Safety Commission [ਏਜਡ ਕੇਅਰ ਕੁਆਲਿਟੀ ਐਂਡ ਸੇਫ਼ਟੀ ਕਮਿਸ਼ਨ] 'ਤੇ ਜਾਓ।

**AgedCareQuality.gov.au**


## ਬਿਰਧ ਦੇਖਭਾਲ ਲਈ ਅਗਾਊਂ ਯੋਜਨਾ ਬਣਾਉਣਾ

ਤੁਹਾਡੇ ਜਾਂ ਤੁਹਾਡੇ ਅਜ਼ੀਜ਼ਾਂ ਲਈ ਬਿਰਧ ਦੇਖਭਾਲ ਬਾਰੇ ਗੱਲਬਾਤ ਸ਼ੁਰੂ ਕਰਨਾ ਮੱਦਦ ਕਰ ਸਕਦਾ ਹੈ, ਭਾਵੇਂ ਤੁਹਾਨੂੰ ਅਜੇ ਕਿਸੇ ਵੀ ਦੇਖਭਾਲ ਜਾਂ ਸਹਾਇਤਾ ਦੀ ਲੋੜ ਨਾ ਹੋਵੇ। ਇੱਥੇ ਕੁੱਝ ਹੋਰ ਗੱਲਾਂ ਹਨ, ਜਿਨ੍ਹਾਂ 'ਤੇ ਤੁਸੀਂ ਬਿਰਧ ਦੇਖਭਾਲ ਬਾਰੇ ਸੋਚਣਾ ਸ਼ੁਰੂ ਕਰ ਸਕਦੇ ਹੋ:

- ਪ੍ਰਦਾਤਾਵਾਂ ਨੂੰ ਵੇਖੋ ਅਤੇ ਤੁਲਨਾ ਕਰੋ ਤਾਂ ਕਿ ਤੁਹਾਡੇ ਲਈ ਸਭ ਤੋਂ ਵਧੀਆ ਕਿਹੜਾ ਹੋਵੇਗਾ: **MyAgedCare.gov.au/find-a-provider**
- EngAged ਲਈ ਸਾਈਨ ਅੱਪ ਕਰੋ, ਜੋ ਕਿ ਬਿਰਧ ਦੇਖਭਾਲ ਅਤੇ ਚੰਗੀ ਉਮਰ ਬਿਤਾਉਣ ਬਾਰੇ ਸਾਡਾ ਮਹੀਨਾਵਾਰ ਨਿਊਜ਼ਲੈਟਰ ਹੈ:**health.gov.au/aged-care-newsletter-subscribe**
- Facebook 'ਤੇ Council of Elders ਨੂੰ ਫਾਲੋ ਕਰੋ ਅਤੇ ਉਨ੍ਹਾਂ ਦੇ ਕੰਮ ਬਾਰੇ ਜਾਣੂ ਰਹੋ: **facebook.com/groups/agedcarecouncilofelders**
- ਜਾਣੋ ਕਿ ਆਸਟ੍ਰੇਲੀਆ ਵਿੱਚ ਲੋਕਾਂ ਨੂੰ ਚੰਗੀ ਤਰ੍ਹਾਂ ਬੁਢਾਪਾ ਜਿਊਣ ਲਈ ਅਸੀਂ ਕੀ ਕਰ ਰਹੇ ਹਾਂ: **health.gov.au/topics/positive-ageing-is-ageing-well**

"ਜੇਕਰ ਬਜ਼ੁਰਗ ਲੋਕਾਂ ਨੂੰ ਗੱਲ ਕਰਨ, ਯੋਗਦਾਨ ਪਾਉਣ ਅਤੇ ਕੋਈ ਬਦਲਾਅ ਕਰਨ ਦਾ ਮੌਕਾ ਮਿਲੇ, ਭਾਵੇਂ ਥੋੜ੍ਹਾ ਜਿਹਾ ਹੀ ਤਾਂ ਉਹ ਖਿੜ ਜਾਣਗੇ।"

Gillian Groom, AO, Council of Elders ਦੇ ਮੈਂਬਰ



myagedcare

**MyAgedCare.gov.au**
**1800 200 422**

DT0004909-0825